Top

# ਗੁਰੂ ਨਾਨਕ ਸਾਹਿਬ ਦੀ ਅਸਲੀ ਤਸਵੀਰ

## Real Photograph of Guru Nanak Sahib

**ਗੁਰੂ ਨਾਨਕ ਸਾਹਿਬ ਦੀ ਅਸਲੀ ਤਸਵੀਰ ਉਨ੍ਹਾਂ ਦੀ ਅਕਾਲ ਪੁਰਖੁ ਦੀ ਦਿਤੀ ਹੋਈ ਵਿਗਿਆਨਿਕ ਪ੍ਰੀਭਾਸ਼ਾ ਵਿਚ ਛਿਪੀ ਹੋਈ ਹੈ**

**Real photograph of Guru Nanak Sahib is hidden in the Scientific Definition of Akal Purkh**

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**(ਸੰਖੇਪ ਵਿਚ → ੴ ਸਤਿਗੁਰ ਪ੍ਰਸਾਦਿ)**

**ਗੁਰੂ ਨਾਨਕ ਸਾਹਿਬ ਦੀ ਅਸਲੀ ਤਸਵੀਰ ਵੇਖਣ ਲਈ ਜਾਂ ਉਨ੍ਹਾਂ ਨਾਲ ਸਬੰਧ ਬਣਾਉਂਣ ਲਈ ਸਾਨੂੰ ਗੁਰਮਤਿ ਦੇ ਸਿਧਾਂਤ ਨਾਲ ਜੁੜਨਾ ਹੈ**

**In order to see the Real Photograph of Guru Nanak Sahib we have to adopt the Principle of Gurmat**

# ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

**ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ**

**https://gurmat-research.com/**

# ਗੁਰੂ ਨਾਨਕ ਸਾਹਿਬ Guru Nanak Sahib

"ਗੁਰਮੁਖ ਕਲਿ ਵਿਚ ਪਰਗਟ ਹੋਆ"

## ਪ੍ਰਕਾਸ਼ ਦਿਵਸ → ੦੧ ਵਿਸਾਖ ੦੦੧ (ਨਾਨਕਸ਼ਾਹੀ)

## Prakash Divas → 14th April 1469 (Gregorian)

ਜੋਤੀ ਜੋਤ ਦਿਵਸ → 8 ਅੱਸੂ 71 (ਨਾਨਕਸ਼ਾਹੀ) → 22 September 1539 (Gregorian)

**ਸਿੱਖੀ ਦਾ ਆਰੰਭ →14 ਅਪਰੈਲ 1469 (Gregorian)**

**ਖ਼ਾਲਸਾ ਪੰਥ ਦੀ ਪੂਰਣਤਾ →14 ਅਪਰੈਲ 1699 (Gregorian)**

ਅਕਾਲ ਪੁਰਖੁ ਦੀ ਵਿਗਿਆਨਿਕ ਪ੍ਰੀਭਾਸ਼ਾ Scientific Definition of Akal Purkh→
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (ਸੰਖੇਪ ਵਿਚ → ੴ ਸਤਿਗੁਰ ਪ੍ਰਸਾਦਿ)

ਸਿਧਾਂਤ (Principle) → ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਯਾਤਰਾਵਾਂ ਦਾ ਮੰਤਵ (Purpose of travels) → ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ...

ਇਸਤਰੀਆਂ ਦਾ ਸਤਿਕਾਰ (Respect for women) →
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (੪੭੩)

ਗੁਰਬਾਣੀ ਆਪ ਲਿਖੀ ਤੇ ਸੰਭਾਲ ਕੇ ਰੱਖੀ Gurbani was written and preserved →
ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥ ਬਾਬਾ ਆਖੇ ਹਾਜ਼ੀਆਂ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ...

ਗੁਰੂ ਅਰਜਨ ਸਾਹਿਬ ਨੇ ਆਪ ਜੀ ਦੀ ਮਹਾਨਤਾ ਬਾਰੇ ਲਿਖਿਆ Guru Arjan Sahib wrote about his greatness
ਸੋਰਠਿ ਮਹਲਾ ੫ ॥ ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥ ੨ ॥ ੧੩ ॥ (੬੧੨)

ਦੁਨੀਆਂ ਨੂੰ ਸੁਚੇਤ ਕੀਤਾ Alerted the people → ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥ (੬੬੨, ੬੬੩)

**ਗੁਰੂ ਨਾਨਕ ਸਾਹਿਬ ਨੂੰ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ**

Guru Nanak Sahib knew more than hundred languages and many subjects

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

**https://gurmat-research.com/**

http://www.geocities.ws/sarbjitsingh/

http://www.sikhmarg.com/article-dr-sarbjit.html

http://www.geocities.ws/sarbjitsingh/BookGuruGranthSahibSourceOfHistoricalResearch.pdf,

Top

# ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ

## No Mughal was blinded and none of Mantra had any effect

**ਜਾਦੂ ਟੂਣਿਆਂ ਨਾਲ ਤਬਾਹੀ ਨਹੀਂ ਰੁਕਦੀ, ਕਿਸੇ ਤਰ੍ਹਾਂ ਦੇ ਰਟਨ ਕਰਨ ਨਾਲ ਜਾਂ ਮਾਲਾ ਫੇਰਨ ਨਾਲ ਕੁਝ ਨਹੀਂ ਹੋਣਾ ਹੈ**

**None of the Magic, Witchcraft, Ritual, etc can stop destruction**

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ (੪੧੭, ੪੧੮)

**ਆਪਣੀ ਰੱਖਿਆ ਆਪ ਕਰਨੀ ਹੈ ਤੇ ਆਪਣੇ ਭਲੇ ਲਈ ਚੰਗੇ ਗੁਣ ਆਪ ਸਿਖਣੇ ਹਨ**

**We have to help ourselves and also learn to protect ourself**

**ਸਭ ਕੁਝ ਅਕਾਲ ਪੁਰਖੁ ਦੇ ਹੁਕਮ ਤੇ ਰਜਾ ਅਨੁਸਾਰ ਹੁੰਦਾ ਹੈ**

**Everything happens according to Hukam and Will of Akal Purakh**

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੮॥੧੨॥ (੪੧੭, ੪੧੮)

**ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣਾ ਤੇ ਉਸ ਇਕ ਦੇ ਗੁਣਾਂ ਬਾਰੇ ਜਾਨਣਾ ਹੈ**

**We have to understand the Hukam of Akal Purakh and also to know about His qualities.**

**ਸਰੀਰ ਸਬੰਧੀ ਹੁਕਮੁ ਨੂੰ ਸਮਝਣ ਲਈ ਸਾਇੰਸ ਤੇ ਹੋਰ ਬਹੁਤ ਸਾਰੇ ਵਿਸ਼ੇ ਪੜ੍ਹਨੇ ਤੇ ਸਮਝਣੇ ਜਰੂਰੀ ਹਨ**

**In order to understand the Hukam of Akal Purakh at physical level, it is necessary to study and understand many other subjects including science**

**ਮਨ ਸਬੰਧੀ ਹੁਕਮੁ ਨੂੰ ਸਮਝਣ ਲਈ, ਗੁਰੂ ਗਰੰਥ ਸਾਹਿਬ ਵਿਚ ਸਮਝਾਏ ਗਏ ਗਿਆਨ ਨੂੰ ਹਾਸਲ ਕਰਨਾ ਹੈ**

**Laws of nature applicable at the mental level can be understand by acquiring the knowledge with the help of Guru Granth Sahib**

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (੨)

**We have to Study, understand and follow Guru Granth Sahib in our practical life**

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

**https://gurmat-research.com/**

**Web = http://www.geocities.ws/sarbjitsingh/**

**http://www.sikhmarg.com/article-dr-sarbjit.html**

**http://www.geocities.ws/sarbjitsingh/BookGuruGranthSahibSourceOfHistoricalResearch.pdf,**

Top

# ਗੁਰੂ ਨਾਨਕ ਸਾਹਿਬ "ਗੁਰਮੁਖ ਕਲਿ ਵਿਚ ਪਰਗਟ ਹੋਆ"

ਗੁਰੂ ਨਾਨਕ ਸਾਹਿਬ ਦੇ ਇਸ ਸੰਸਾਰ ਵਿਚ ਆਉਣ ਤੋਂ ਪਹਿਲਾ ਲੋਕ ਬਹੁਤ ਦੁਖੀ ਸਨ। ਰਾਜੇ ਜਨਤਾ ਤੇ ਜ਼ੁਲਮ ਕਰਦੇ ਅਤੇ ਲੁਟਦੇ ਸਨ। ਨੌਕਰ ਚਾਕਰ ਉਸ ਰਾਜੇ ਸ਼ੇਰ ਦੀਆਂ ਨਹੁੰਦਰਾਂ ਸਨ, ਜੋ ਜਨਤਾ ਦਾ ਖੂਨ ਚੂਸਦੀਆਂ ਸਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (੧੪੫)

ਕਾਜ਼ੀ ਠੀਕ ਇਨਸਾਫ ਕਰਨ ਦੀ ਬਜਾਏ, ਧਰਮ ਦੀ ਆੜ ਲੈ ਕੇ ਲੋਕਾਂ ਕੋਲੋ ਰਿਸ਼ਵਤਾ ਲੈਂਦੇ ਸਨ। ਧਰਮ ਨੇ ਪਾਖੰਡ ਦਾ ਰੂਪ ਧਾਰਨ ਕਰ ਲਿਆ ਸੀ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ (੬੬੨)

ਲੋਕਾਂ ਦੇ ਅੰਦਰੋਂ ਅਗਿਆਨਤਾ ਦੂਰ ਕਰਨ ਲਈ ਅਤੇ ਸਾਰੀ ਮਨੁੱਖਤਾ ਨੂੰ ਜੀਵਨ ਦਾ ਸਹੀ ਮਾਰਗ ਸਮਝਾਉਂਣ ਲਈ ਅਕਾਲ ਪੁਰਖੁ ਨੇ ਗੁਰੂ ਨਾਨਕ ਸਾਹਿਬ ਨੂੰ ਇਸ ਧਰਤੀ ਤੇ ਭੇਜਿਆ (੧੪ ਅਪਰੈਲ ੧੪੬੯)

ਗੁਰਮੁਖ ਕਲਿ ਵਿਚ ਪਰਗਟ ਹੋਆ ॥੨੭॥

ਆਪ ਜੀ ਦਸ ਸਾਲ ਦੇ ਹੋ ਗਏ ਤਾਂ ਮਾਤਾ ਪਿਤਾ ਨੇ ਆਪ ਜੀ ਨੂੰ ਜਨੇਊ ਪੁਆਣ ਦੀ ਸੋਚੀ। ਆਪ ਜੀ ਨੇ ਭਰੇ ਇਕੱਠ ਵਿਚ ਪੰਡਤ ਹਰਦਿਆਲ ਦਾ ਹੱਥ ਫੜ ਲਿਆ ਅਤੇ ਜਨੇਊ ਪੁਆਣ ਤੋਂ ਇਨਕਾਰ ਕਰ ਦਿਤਾ। ਆਪ ਜੀ ਨੇ ਪੰਡਤ ਨੂੰ ਉਪਦੇਸ਼ ਦਿਤਾ ਕਿ ਜਨੇਊ ਪਾਉਣ ਨਾਲ ਮਨੁੱਖ ਦੀ ਆਤਮਾ ਨੂੰ ਕੋਈ ਲਾਭ ਨਹੀਂ ਹੁੰਦਾਂ ਹੈ। ਇਸ ਦੀ ਥਾਂ ਮਨੁੱਖ ਨੂੰ ਪ੍ਰਭੂ ਪਿਆਰ ਅਤੇ ਸਦਾਚਾਰਕ ਗੁਣਾਂ:- ਦਇਆ, ਸੰਤੋਖ, ਉਚੇ ਸੁਚੇ ਕਿਰਦਾਰ ਦਾ ਮਾਲਕ ਬਣਨਾ ਚਾਹੀਦਾ ਹੈ, ਤਾਂ ਹੀ ਮਨੁੱਖ ਦੀ ਆਤਮਾ ਪਵਿਤਰ ਹੋ ਸਕਦੀ ਹੈ ਅਤੇ ਉਹ ਸੱਚਾ ਧਰਮੀ ਅਖਵਾ ਸਕਦਾ ਹੈ। ਸਮਾਜ ਵਿਚ ਇਸਤਰੀ ਦੀ ਦਸ਼ਾਂ ਬਹੁਤ ਤਰਸਯੋਗ ਸੀ। ਇਸਤਰੀ ਨੂੰ ਸ਼ੂਦਰ ਸਮਝਿਆ ਜਾਂਦਾ ਸੀ। ਆਪ ਜੀ ਨੇ ਇਸਤਰੀ ਜਾਤੀ ਨਾਲ ਹੋ ਰਹੇ ਘੋਰ ਅਨਿਆਂ ਵਿਰੁਧ ਆਵਾਜ਼ ਉਠਾਈ ਅਤੇ ਆਖਿਆ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (੪੭੩)

ਆਪ ਜੀ ਜਦੋਂ ਆਪਣੇ ਸਾਥੀ ਭਾਈ ਮਰਦਾਨਾ ਜੀ, ਨਾਲ ਵਪਾਰ ਲਈ ਚੂਹੜਖਾਨੇ ਤੋਂ ਵਸਤਾਂ ਖਰੀਦਣ ਲਈ ਗਏ ਤਾਂ ਰਸਤੇ ਵਿਚ ਆਪ ਜੀ ਨੂੰ ਭੁਖੇ ਸੰਤਾਂ ਦੀ ਟੋਲੀ ਮਿਲ ਗਈ। ਆਪ ਜੀ ਨੇ ਉਨ੍ਹਾਂ ਦੀ ਅੰਨ ਅਤੇ ਵਸਤਰਾਂ ਨਾਲ ਸੇਵਾ ਕੀਤੀ, ਜੀਵਨ ਲਈ ਸੇਧ ਦਿਤੀ ਅਤੇ ਲੰਗਰ ਦੀ ਪਰੰਪਰਾ ਆਰੰਭ ਕੀਤੀ। ਇਸ ਗੱਲ ਨੂੰ ਸੱਚਾ ਸੌਦਾ ਆਖਿਆ ਜਾਂਦਾ ਹੈ। ਉਥੇ ਹੁਣ ਸੱਚਾ ਸੌਦਾ ਨਾਂ ਦਾ ਗੁਰਦਆਰਾ ਮੌਜੂਦ ਹੈ। ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਦੁਖਾਂ ਵਿਚੋ ਕਢਣ ਲਈ ਚਾਰ ਉਦਾਸੀਆਂ ਧਾਰਣ ਕੀਤੀਆਂ। ਆਪ ਜੀ ਨੇ ਭਾਈ ਮਰਦਾਨੇ ਜੀ ਨੂੰ ਆਪਣੇ ਨਾਲ ਲੈ ਕੇ ਛੂਤ ਛਾਤ ਅਤੇ ਉਚ ਨੀਚ ਵਿਰੁਧ ਪਹਿਲਾ ਕਾਰਜ ਕੀਤਾ। ਭਾਈ ਮਰਦਾਨਾ ਜੀ ਰਬਾਬ ਵਜਾਂਦੇ ਸੀ ਅਤੇ ਗੁਰੂ ਜੀ ਗੁਰਬਾਣੀ ਉਚਾਰਣ ਕਰਦੇ ਸਨ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (੧੫)

ਆਪ ਜੀ ਆਪਣੀ ਪਹਿਲੀ ਉਦਾਸੀ ਵਿਚ ਏਮਨਾਬਾਦ ਗਏ ਅਤੇ ਭਾਈ ਲਾਲੋ ਜੀ ਦੇ ਘਰ ਠਹਿਰੇ ਅਤੇ ਉਸ ਦੀ ਕਿਰਤ ਕਮਾਈ ਦਾ ਸਤਿਕਾਰ ਕੀਤਾ। ਮਲਕ ਭਾਗੋ ਨੂੰ ਪਾਪ ਅਤੇ ਮਿਹਨਤ ਦੀ ਕਮਾਈ ਵਿਚ ਫਰਕ ਸਮਝਾਇਆ। ਗੁਰੂ ਨਾਨਕ ਸਾਹਿਬ ਨੇ ਆਪਣੀ ਕੋਈ ਮਸ਼ਹੂਰੀ ਨਹੀਂ ਕੀਤੀ। ਉਨ੍ਹਾਂ ਨੇ ਆਪਣੀਆਂ ਚਾਲਾਂ ਚਲਾਉਣ ਲਈ ਕੋਈ ਚੇਲੇ ਨਹੀਂ ਭੇਜੇ। ਸਿਰਫ ਅਕਾਲ ਪੁਰਖੁ ਦਾ ਓਟ ਆਸਰਾ ਲੈ ਕੇ ਚਲੇ ਸਨ। ਮੇਲਿਆਂ ਵਿਚ ਲੋਕ ਬਿਨਾ ਸੱਦੇ ਦੇ ਇਕੱਠੇ ਹੁੰਦੇ ਸਨ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਦੀ ਭਲਾਈ ਦੀ ਖਾਤਰ ਅਨੇਕਾਂ ਕਸ਼ਟ ਤੇ ਮੁਸ਼ਕਲਾਂ ਸਹਾਰੀਆਂ।

ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ॥ ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ ॥੨੪॥

ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਕੋਈ ਖਾਸ ਮੰਤਵ ਸੀ। ਉਨ੍ਹਾਂ ਨੇ ਪਾਖੰਡੀਆਂ ਨੂੰ ਸੋਧ ਕੇ ਜੀਵਨ ਦਾ ਸਪੱਸ਼ਟ ਤੇ ਸਿਧਾ ਰਸਤਾ ਵਿਖਾਇਆ। ਲੋਕਾਂ ਨੂੰ ਸਮਝਾਇਆ ਕਿ ਸਰੀਰ ਨੂੰ ਧੋਣ ਨਾਲ ਕੋਈ ਲਾਭ ਨਹੀਂ ਹੋਣਾ, ਆਪਣੇ ਅੰਦਰੋਂ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਵਰਗੇ ਵਿਕਾਰ ਬਾਹਰ ਕੱਡ ਕੇ ਆਪਣੇ ਮਨ ਤੇ ਤਨ ਨੂੰ ਸੁੰਦਰ ਬਣਾਉਂਣਾ ਹੈ। ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦਾ ਮੁਢਲਾ ਸਿਧਾਂਤ ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਸਮਝਾ ਦਿਤਾ ਹੈ।

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਪ੍ਰਚਾਰ ਨੂੰ ਸਦੀਵੀ ਕਾਲ ਲਈ ਕਾਇਮ ਕਰਨ ਲਈ, ਉਨ੍ਹਾਂ ਨੇ ਗੁਰਮੁਖਾਂ ਦੀ ਖੋਜ਼ ਕਰਨੀ ਅਤੇ ਉਨ੍ਹਾਂ ਦੀ ਸਤਿਸੰਗਤ ਕਰਨੀ ਲਈ ਖਾਸ ਤਵੱਜੋ ਦਿਤੀ।

ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ (੯੩੯)

ਗੁਰੂ ਨਾਨਕ ਸਾਹਿਬ ਨੇ ਗੁਰਮੁਖਾਂ ਨੂੰ ਢੂੰਡਦੇ ਅਕਾਲ ਪੁਰਖੁ ਨੂੰ ਪਾ ਲਿਆ। ਜਿਹੜਾ ਆਪ ਤਰਨਾ ਜਾਣਦਾ ਹੈ, ਉਹ ਹੀ ਡੁਬਦੇ ਨੂੰ ਤਾਰ ਸਕਦਾ ਹੈ। ਗੁਰੂ ਆਪ ਵੀ ਤਰਦਾ ਹੈ ਤੇ ਗੁਰਸਿਖਾਂ ਨੂੰ ਵੀ ਤਾਰਦਾ ਹੈ।

ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ (੩)

ਜੀਵਨ ਨੂੰ ਖੁਸ਼ਹਾਲ ਕਰਨ ਲਈ ਸਾਨੂੰ ਆਪਣਾ ਸੁਧਾਰ ਆਪ ਕਰਨਾ ਪਵੇਗਾ। ਇਸ ਲਈ ਆਓ ਸਾਰੇ ਜਾਣੇ ਆਪਣੀ ਸੋਚ ਤੇ ਮਾਨਸਿਕਤਾ ਗੁਰੂ ਗਰੰਥ ਸਾਹਿਬ ਅਨੁਸਾਰ ਬਣਾਈਏ ਤੇ ਉਸ ਮੰਤਵ ਨੂੰ ਪੂਰਾ ਕਰਨ ਲਈ ਗੁਰਬਾਣੀ ਨੂੰ ਧਿਆਨ ਨਾਲ ਪੜ੍ਹੀਏ, ਸੁਣੀਏ, ਸਮਝੀਏ, ਤੇ ਆਪਣੇ ਨਿਜੀ ਜੀਵਨ ਵਿਚ ਅਪਨਾ ਕੇ ਆਪਣਾ ਇਹ ਮਨੁੱਖਾ ਜਨਮ ਸਫਲ ਕਰੀਏ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (੨)

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

https://gurmat-research.com/

# Guru Nanak Sahib "Gurmuk Kal Vich Pargat Hoa"

Top

**Guru Nanak Sahib, the first Guru of Sikhs was born in 1469 (14th April 1469) at Nankana Sahib (Pakistan). During that time the country was passing through overwhelming crisis and forces of evil were dominating the thoughts and actions of people. Religion had become a matter of rites, ceremonies and meaningless customs. It was in this dark age that Guru Nanak was sent by the Akal Purkh (God) for the upliftment of the depressed, the downtrodden and the demoralised and to show them the true path of life.**

**Guru Nanak Sahib showed unmistakable signs of divinity right from his childhood. He used to think of Akal Purkh and sing His praises. When Guru Nanak was asked to wear the traditional sacred thread, he asked the family priest Hardyal about the real meaning and significance of the said rite. When the priest could not give any convincing answer, Guru Nanak refused to wear it and said, "He wants the thread of mercy, temperateness, righteous zeal and continence. Such a thread will neither break, nor get soiled, nor can be burnt or lost."**

**The incident, in which he fed the hungry people considering that as a true business, reflects his concern for the poor and needy right from his young age. He did not believe in the house purification ceremony after the birth of a child and said that Akal Purkh ordains birth and death. Men come and go in this world by His will. He worked as a store incharge of Nawab Dault Khan (Sultanpur). He was scrupulously honest and devoted himself to his duties with efficiency and became very popular in a short time.**

**Guru Nanak Sahib said, "There is no Hindu, there is no Musalman”. The true religion was in living a true inner life. He undertook four missionary tours along with Bhai Mardana on foot to various parts India, Ceylon, Siam, Burma, Tibet, China, Mecca, etc. Guru Nanak's teachings were always related to practical life, which indicated the worthlessness of traditional myths that had crept in the society at that time. For example - Water being offered to deceased people in heaven, charity going to deceased through Brahmins, etc. His loveable ways and playful sense of humour, his persuasive words and simplicity springing from his heart and his all-embracing love went straight to the hearts of listeners.**

**He visited holy places, holy persons and preached to every one what was best for them. Guru Nanak began his work by exposing superstitions and meaningless rites. His discourse with the Yogis in the name of "Sidh Gosht" is incorporated in the "Guru Granth Sahib" to serve as a Guide for the future. He was a fearless personality true to his conviction and stood by it even during adverse situations. He advised Babar to rule the people with mercy and justice. Guru nursed and consoled a poor leper and bestowed upon him both physical and spiritual strength. He reformed the worst criminals like Sajjan, Kauda through his powerful reasoning and convincing power into good citizens and put them on the path of doing useful and constructive work.**

**After his missionary tour of about 30 years he settled at Kartarpur in 1521. He engaged himself in agriculture to give practical demonstration of his teachings that every one should earn one's livelihood through honest means. Every early morning and evening recitation of Gurbani was performed followed by Guru-ka-Langar (community kitchen). He installed Guru Angad Sahib (Bhai Lehna) as his successor.**

**The prime factors comprising Sikhism in its true spirit are the Fatherhood of Akal Purkh, the Brotherhood of man, earning one's living by dint of one's labour and sharing it with the needy, fighting against superstitions followed in the name of religion, suppression in the name of government and equality of men and women before Akal Purkh. The message of Guru Nanak in form of his Gurbani and of the subsequent Gurus of Sikhs will remain as a living guide for upliftment of the mankind.**

**“Waheguru Ji Ka Khalsa Waheguru Ji Ke Fateh”**

**ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ**

**https://gurmat-research.com/**

**Web = http://www.geocities.ws/sarbjitsingh/**

**http://www.sikhmarg.com/article-dr-sarbjit.html**